Alberta

ਨਿਊਜ਼ ਰਿਲੀਜ਼

# ਸੂਬੇ ਤੋਂ ਬਾਹਰ ਦੇ ਕਾਮਿਆਂ ਲਈ ਰੁਕਾਵਟਾਂ ਨੂੰ ਦੂਰ ਕਰਨਾ

17 ਅਪ੍ਰੈਲ, 2023

## ਅਲਬਰਟਾ ਦੀ ਸਰਕਾਰ ਕੈਨੇਡਾ ਭਰ ਦੇ ਪ੍ਰਮਾਣਿਤ ਪੇਸ਼ੇਵਰਾਂ ਲਈ ਅਲਬਰਟਾ ਵਿੱਚ ਕੰਮ ਕਰਨਾ ਅਤੇ ਵਧ ਰਹੀ ਅਰਥ ਵਿਵਸਥਾ ਵਿੱਚ ਸ਼ਾਮਲ ਹੋਣਾ ਆਸਾਨ ਬਣਾ ਰਹੀ ਹੈ।

ਅਲਬਰਟਾ, ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਅਰਥ ਵਿਵਸਥਾਵਾਂ ਵਿੱਚੋਂ ਇੱਕ ਹੈ ਅਤੇ ਅਲਬਰਟਾ ਦੀ ਸਰਕਾਰ ਹੋਰ ਜ਼ਿਆਦਾ ਨੌਕਰੀਆਂ ਦੀ ਸਿਰਜਣਾ ਅਤੇ ਵਿਵਿਧਤਾ 'ਤੇ ਕੇਂਦ੍ਰਿਤ ਹੈ ਜਿਵੇਂ ਕਿ ਇਸ ਸੂਬੇ ਦਾ ਕੈਨੇਡਾ ਦਾ ਆਰਥਿਕ ਇੰਜਣ ਬਣਿਆ ਰਹਿਣਾ ਜਾਰੀ ਹੈ। ਜਿਵੇਂ ਕਿ ਅਲਬਰਟਾ ਦੇਸ਼ ਭਰ ਦੇ ਕਾਮਿਆਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ, ਇਹ ਮਹੱਤਵਪੂਰਨ ਹੈ ਕਿ ਉਹ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਆਪਣੇ ਕ੍ਰਿਡੇਨਸ਼ੀਅਲਾਂ ਦੀ ਵਰਤੋਂ ਕਰ ਸਕਣ।

2021 ਦੀ ਪਤਝੜ ਵਿੱਚ, ਅਲਬਰਟਾ ਦੀ ਸਰਕਾਰ ਨੇ *ਲੇਬਰ ਮੋਬਿਲਿਟੀ ਐਕਟ (Labour Mobility Act)* ਪਾਸ ਕੀਤਾ ਤਾਂ ਜੋ ਕੈਨੇਡਾ ਭਰ ਦੇ ਉੱਚ ਹੁਨਰਮੰਦ, ਪ੍ਰਮਾਣਿਤ ਪੇਸ਼ੇਵਰ ਕਾਮਿਆਂ ਕੋਲ ਅਲਬਰਟਾ ਵਿੱਚ ਆਪਣੀ ਮੁਹਾਰਤ ਦੀ ਵਰਤੋਂ ਕਰਨ ਲਈ ਇੱਕ ਵਧੇਰੇ ਸੁਚਾਰੂ ਪ੍ਰਕਿਰਿਆ ਹੋਵੇ। ਐਕਟ ਦੇ ਹੁਣ ਲਾਗੂ ਹੋਣ ਦੇ ਨਾਲ, ਸਰਕਾਰ ਕੋਲ ਉਸਦੇ ਟੂਲਬਾਕਸ ਵਿੱਚ ਇੱਕ ਹੋਰ ਸਾਧਨ ਹੈ।

"ਮੈਨੂੰ ਇਹ ਯਕੀਨੀ ਬਣਾਉਣ ਲਈ ਇਸ ਸਰਕਾਰ ਦੇ ਯਤਨਾਂ 'ਤੇ ਮਾਣ ਹੈ ਕਿ ਹਰ ਕੋਈ ਜੋ ਅਲਬਰਟਾ ਵਿੱਚ ਕੰਮ ਕਰਨਾ ਚਾਹੁੰਦਾ ਹੈ, ਆਪਣੇ ਹੁਨਰਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਲਾਭਦਾਇਕ ਕਰੀਅਰ ਬਣਾ ਸਕਦਾ ਹੈ। ਇਹ ਕਾਨੂੰਨ ਨਾ ਸਿਰਫ਼ ਨੌਕਰੀਆਂ ਪੈਦਾ ਕਰਨ ਅਤੇ ਸਾਡੀ ਅਰਥ ਵਿਵਸਥਾ ਵਿੱਚ ਵਿਵਿਧਤਾ ਲਿਆਉਣ ਵਿੱਚ ਸਾਡੀ ਮਦਦ ਕਰੇਗਾ, ਸਗੋਂ ਇਹ ਅਲਬਰਟਾ ਨੂੰ ਲੋੜੀਂਦੇ ਹੁਨਰਮੰਦ ਕਾਮਿਆਂ ਦੇ ਨਾਲ ਸਾਡੇ ਕਾਰਜਬਲ ਨੂੰ ਵੀ ਮਜ਼ਬੂਤ ਕਰੇਗਾ।"

*ਕੇਸੀ ਮਾਡੂ, ਹੁਨਰਮੰਦ ਟ੍ਰੇਡ ਅਤੇ ਪੇਸ਼ਿਆਂ ਦੇ ਮੰਤਰੀ*

2022 ਦੀਆਂ ਗਰਮੀ ਵਿੱਚ, ਅਲਬਰਟਾ ਦੀ ਸਰਕਾਰ ਨੇ ਅਲਬਰਟਾ ਇਜ਼ ਕਾਲਿੰਗ (Alberta is Calling) ਮੁਹਿੰਮ ਦੀ ਸ਼ੁਰੂਆਤ ਕੀਤੀ, ਜਿਸਦਾ ਟੀਚਾ ਟੋਰਾਂਟੋ ਅਤੇ ਵੈਨਕੂਵਰ ਤੋਂ ਹੁਨਰਮੰਦ ਕਾਮਿਆਂ ਅਤੇ ਪੇਸ਼ੇਵਰਾਂ ਨੂੰ ਅਲਬਰਟਾ ਵਿੱਚ ਲਿਆਉਣਾ ਹੈ। ਇਸ ਸਾਲ ਦੇ ਸ਼ੁਰੂ ਵਿੱਚ, ਮੈਰੀਟਾਈਮਜ਼ ਅਤੇ ਦੱਖਣ-ਪੂਰਬ ਓਨਟੈਰੀਓ ਤੋਂ ਕਾਮਿਆਂ ਨੂੰ ਆਕਰਸ਼ਿਤ ਕਰਨ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਮੁਹਿੰਮ ਦਾ ਦੂਜਾ ਪੜਾਅ ਸ਼ੁਰੂ ਕੀਤਾ ਗਿਆ ਸੀ।

ਮੁਹਿੰਮਾਂ ਸਫਲ ਰਹੀਆਂ ਹਨ: 2022 ਦੀ ਤੀਜੀ ਅਤੇ ਚੌਥੀ ਤਿਮਾਹੀ ਵਿੱਚ, ਪੂਰੇ ਕੈਨੇਡਾ ਤੋਂ ਅਲਬਰਟਾ ਵਿੱਚ 30,000 ਤੋਂ ਵੱਧ ਲੋਕ ਸੂਬੇ ਵਿੱਚ ਆਏ, ਜਿਸ ਨਾਲ ਪੂਰੇ ਦੇਸ਼ ਵਿੱਚੋਂ ਆਉਣ ਵਾਲੇ ਲੋਕਾਂ ਦੀ ਸਾਲਾਨਾ ਕੁੱਲ ਸੰਖਿਆ ਕੁੱਲ 45,000 ਤੋਂ ਵੱਧ ਹੋ ਗਈ। ਇਹ ਪ੍ਰਵਾਸ ਇਸ ਕਾਨੂੰਨ ਦੀ ਮਹੱਤਤਾ ਅਤੇ ਇਹ ਯਕੀਨੀ ਬਣਾਉਣ ਦੀ ਲੋੜ ਦੀ ਨੁਮਾਇੰਦਗੀ ਕਰਦਾ ਹੈ ਕਿ ਸੂਬੇ ਤੋਂ ਬਾਹਰਲੇ, ਪ੍ਰਮਾਣਿਤ ਪੇਸ਼ੇਵਰ ਕਰਮਚਾਰੀ, ਹੁਨਰ, ਸਿੱਖਿਆ ਅਤੇ ਕ੍ਰਿਡੇਨਸ਼ੀਅਲਾਂ ਦੀ ਸਮਾਂ-ਬੱਧ ਮਾਨਤਾ ਲਈ ਇਕਸਾਰ ਅਤੇ ਪਾਰਦਰਸ਼ੀ ਪਹੁੰਚ ਦਾ ਅਨੁਭਵ ਕਰਨਗੇ।

“ਕੈਨੇਡਾ ਵਿੱਚ ਅਲਬਰਟਾ ਦੀ ਆਰਥਿਕ ਅਗਵਾਈ ਨੂੰ ਕਾਇਮ ਰੱਖਣ ਲਈ, ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੇ ਸੂਬੇ ਵਿੱਚ ਆਉਣ ਵਾਲੇ ਹੁਨਰਮੰਦ ਲੋਕ ਆਪਣੀ ਪੂਰੀ ਸਮਰੱਥਾ ਅਨੁਸਾਰ ਕੰਮ ਕਰ ਸਕਣ। ਅਲਬਰਟਾ ਬੁਲਾ ਰਿਹਾ ਹੈ, ਅਤੇ ਇਹ ਤਬਦੀਲੀ ਨਵੇਂ ਅਲਬਰਟਾ ਵਾਸੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਦੀ ਨੌਕਰੀ ਲੱਭਣ ਅਤੇ ਰੀਨੀਊਡ ਅਲਬਰਟਾ ਐਡਵਾਂਟੇਜ (Renewed Alberta Advantage) ਦਾ ਜਲਦੀ ਫਾਇਦਾ ਲੈਣ ਵਿੱਚ ਮਦਦ ਕਰੇਗੀ।”

*ਡੱਗ ਸ਼ਵਾਇਟਜ਼ਰ, ਮਨਿਸਟਰ ਫੌਰ ਜੌਬਜ਼, ਇਕੌਨਮੀ ਐਂਡ ਇਨੋਵੇਸ਼ਨ*

## ਆਰਥਿਕ ਪ੍ਰਭਾਵ

ਅਧਿਐਨ ਦਰਸਾਉਂਦੇ ਹਨ ਕਿ ਕਿਰਤ ਦੀ ਗਤੀਸ਼ੀਲਤਾ ਦੀਆਂ ਰੁਕਾਵਟਾਂ ਨੂੰ ਘਟਾਉਣ ਨਾਲ ਅਲਬਰਟਾ ਅਤੇ ਕੈਨੇਡਾ ਦੀਆਂ ਅਰਥ ਵਿਵਸਥਾਵਾਂ ਨੂੰ ਮਹੱਤਵਪੂਰਨ ਤੌਰ 'ਤੇ ਹੁਲਾਰਾ ਮਿਲ ਸਕਦਾ ਹੈ। ਸੀ.ਡੀ.ਹਾਓ ਇੰਸਟੀਚਿਊਟ ਦਾ ਅੰਦਾਜ਼ਾ ਹੈ ਕਿ ਕਿਰਤ ਦੀ ਗਤੀਸ਼ੀਲਤਾ ਦੀ ਲਾਗਤ ਨੂੰ $500 ਪ੍ਰਤੀ ਵਿਅਕਤੀ ਪ੍ਰਤੀ ਸਾਲ ਘਟਾਉਣ ਨਾਲ ਅਲਬਰਟਾ ਵਿੱਚ ਲਗਭਗ 20,000 ਵਾਧੂ ਕਾਮਿਆਂ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ ਅਤੇ ਸੂਬਾਈ ਜੀਡੀਪੀ ਵਿੱਚ $2.8 ਬਿਲੀਅਨ ਦਾ ਵਾਧਾ ਹੋ ਸਕਦਾ ਹੈ।

ਕਾਨਫ਼ਰੰਸ ਬੋਰਡ ਆਫ਼ ਕੈਨੇਡਾ (Conference Board of Canada) ਦਾ ਅੰਦਾਜ਼ਾ ਹੈ ਕਿ ਕੈਨੇਡਾ ਦੀ ਕ੍ਰਿਡੇਨਸ਼ੀਲ ਮਾਨਤਾ ਪ੍ਰਣਾਲੀ ਵਿੱਚ ਸੁਧਾਰ ਕਰਨ ਨਾਲ ਪ੍ਰਭਾਵਿਤ ਲੋਕਾਂ ਦੀ ਸਾਲਾਨਾ ਆਮਦਨ ਵਿੱਚ ਔਸਤਨ $15,000 ਤੋਂ $20,000 ਤੱਕ ਦਾ ਸੰਭਾਵੀ ਵਾਧਾ ਹੋ ਸਕਦਾ ਹੈ, ਜੋ ਕਿ ਸੂਬੇ ਤੋਂ ਬਾਹਰ ਦੇ ਕ੍ਰਿਡੇਨਸ਼ੀਅਲਾਂ ਵਾਲੇ ਲੋਕਾਂ ਲਈ ਕੁੱਲ $3 ਬਿਲੀਅਨ ਤੋਂ ਵੱਧ ਹੈ।

## ਮੁੱਖ ਤੱਥ

- 2019 ਅਤੇ 2020 ਦੇ ਵਿਚਕਾਰ, ਨਿਯੰਤ੍ਰਿਤ ਕਿੱਤਿਆਂ ਵਿੱਚ ਸੂਬੇ ਤੋਂ ਬਾਹਰ ਦੀਆਂ ਅਰਜ਼ੀਆਂ ਦੀ ਕੁੱਲ ਸੰਖਿਆ ਵਿੱਚ ਲਗਭਗ 20 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।
- ਕਾਨੂੰਨ ਦੇ ਤਹਿਤ, ਰੈਗੂਲੇਟਰੀ ਸੰਸਥਾਵਾਂ ਨੂੰ ਪੂਰੀ ਅਰਜ਼ੀ ਪ੍ਰਾਪਤ ਹੋਣ ਤੋਂ ਬਾਅਦ 20 ਕਾਰੋਬਾਰੀ ਦਿਨਾਂ ਦੇ ਅੰਦਰ ਰਜਿਸਟ੍ਰੇਸ਼ਨ ਸੰਬੰਧੀ ਫੈਸਲੇ ਲੈਣ ਦੀ ਲੋੜ ਹੁੰਦੀ ਹੈ।
- 2020 ਵਿੱਚ, ਰੈਗੂਲੇਟਰੀ ਸੰਸਥਾਵਾਂ ਨੇ ਸੂਬੇ ਤੋਂ ਬਾਹਰ ਦੇ ਬਿਨੈਕਾਰਾਂ ਲਈ ਇੱਕ ਤੋਂ 149 ਦਿਨ ਤੱਕ ਦੇ ਪ੍ਰੋਸੈਸਿੰਗ ਸਮੇਂ ਦੀ ਸੂਚਨਾ ਦਿੱਤੀ।
- ਇਹ ਕਾਨੂੰਨ ਅਲਬਰਟਾ ਵਿੱਚ 100 ਤੋਂ ਵੱਧ ਨਿਯੰਤ੍ਰਿਤ ਕਿੱਤਿਆਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਵਿੱਚ ਅੱਖਾਂ ਦੇ ਮਾਹਿਰ, ਵਕੀਲ ਅਤੇ ਇੰਜੀਨੀਅਰ ਸ਼ਾਮਲ ਹਨ।

## ਸੰਬੰਧਿਤ ਜਾਣਕਾਰੀ

- ਕੈਨੇਡਾ ਦੇ ਅੰਦਰ ਕਿਰਤ ਦੀ ਗਤੀਸ਼ੀਲਤਾ
- ਸੀ.ਡੀ. ਹਾਓ ਇੰਸਟੀਚਿਊਟ ਦੀ ਰਿਪੋਰਟ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ